**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ**

# ਜ਼ਿਲ੍ਹਾ ਪੱਧਰੀ ਸੇਵਾ ਕੇਂਦਰ 'ਚ ਵੀ ਮਿਲਣਗੇ ਈ ਸਟੈਂਪ ਪੇਪਰ : ਡਿਪਟੀ ਕਮਿਸ਼ਨਰ

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸੇਵਾ ਕੇਂਦਰ ਵਿਖੇ ਵੱਖਰਾ ਕਾਊਂਟਰ ਸਥਾਪਤ

## ਆਨ ਲਾਈਨ ਅਦਾਇਗੀ ਦੀ ਸਹੂਲਤ ਵੀ ਉਪਲਬੱਧ

ਫਾਜ਼ਿਲਕਾ 15 ਸਤੰਬਰ

ਜ਼ਿਲ੍ਹੇ ਦੇ ਵਸ਼ਨੀਕਾ ਨੂੰ ਹੁਣ ਜ਼ਮੀਨ ਜਾਇਦਾਦ ਦੀ ਖਰੀਦ ਵੇਚ ਸਮੇਂ ਲੱਗਣ ਵਾਲੇ ਈ-ਸਟੈਂਪ ਦੀ ਖਰੀਦ ਲਈ ਬੈਂਕਾਂ ਤੱਕ ਨਹੀਂ ਜਾਣਾ ਪਵੇਗਾ। ਜ਼ਿਲ੍ਹਾ ਪੱਧਰੀ ਟਾਈਪ-1 ਸੇਵਾ ਕੇਂਦਰ ਵਿਚ ਈ-ਸਟੈਂਪ ਪੇਪਰ ਦੀ ਵਿਕਰੀ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਦਿੱਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸੇਵਾ ਕੇਂਦਰ ਵਿਖੇ ਈ-ਸਟੈਂਪ ਪੇਪਰ ਮਿਲਣ ਦੀ ਸ਼ੁਰੂਆਤ ਹੋਣ ਨਾਲ ਲੋਕਾਂ ਦੀ ਖੱਜਲ-ਖੁਆਰੀ ਘਟੇਗੀ ਕਿਉਂਕਿ ਹੁਣ ਬੈਂਕਾਂ ਦੇ ਨਾਲ-ਨਾਲ ਸੇਵਾ ਕੇਂਦਰ ਰਾਹੀਂ ਵੀ ਈ-ਸਟੈਂਪ ਲਏ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸਥਿਤ ਤਹਿਸੀਲ ਦਫਤਰ ਵਿਖੇ ਰਜਿਸਟਰੀ ਕਰਾਉਣ ਵਾਲੇ ਲੋਕਾਂ ਨੂੰ ਹੁਣ ਈ-ਸਟੈਂਪ ਪੇਪਰ ਲੈਣ ਲਈ ਬਾਹਰ ਨਹੀਂ ਜਾਣਾ ਪਵੇਗਾ ਸਗੋਂ ਸੇਵਾ ਕੇਂਦਰ ਤੋਂ ਹੀ ਈ-ਸਟੈਂਪ ਪੇਪਰ ਮਿਲ ਸਕਣਗੇ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਇਸ ਸੁਵਿਧਾ ਸਦਕਾ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਵੀ ਹੋਵੇਗੀ ਅਤੇ ਕੰਮ ਵੀ ਬਿਨ੍ਹਾਂ ਦੇਰੀ ਤੋਂ ਹੋ ਸਕਣਗੇ। ਉਨ੍ਹਾਂ ਦੱਸਿਆ ਕਿ ਕੇਵਲ ਇੱਕ ਫਾਰਮ ਭਰ ਕੇ ਦੇਣ ਤੋਂ ਬਾਅਦ ਅਦਾਇਗੀ ਪਿੱਛੋਂ ਈ-ਸਟੈਂਪ ਪੇਪਰ ਖਰੀਦੇ ਜਾ ਸਕਣਗੇ। ਉਨ੍ਹਾਂ ਇਹ ਵੀ ਦੱਸਿਆ ਕਿ 20 ਹਜ਼ਾਰ ਤੋਂ 1 ਲੱਖ ਰੁਪਏ ਤੱਕ ਦੀ ਰਾਸ਼ੀ ਦੀ ਫੀਸ ਲਈ ਈ-ਸਟੈਂਪ ਪੇਪਰ ਲਾਗੂ ਕੀਤਾ ਗਿਆ ਹੈ ਅਤੇ ਲੋਕਾਂ ਦੀ ਸਹੂਲਤ ਲਈ ਵੱਖਰਾ ਕਾਊਂਟਰ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲੋਕ ਈ-ਸਟੈਂਪ ਦੀ ਖਰੀਦ ਲਈ ਨਗਦੀ ਤੋਂ ਇਲਾਵਾ ਆਨ-ਲਾਈਨ ਤਰੀਕਿਆਂ ਨਾਲ ਆਪਣੇ ਕਰੈਡਿਟ, ਡੈਬਿਟ ਕਾਰਡ ਤੋਂ ਵੀ ਅਦਾਇਗੀ ਕਰ ਸਕਦੇ ਹਨ। ਵਿੱਤੀ ਮੰਤਰਾਲੇ ਵੱਲੋਂ ਨਗਦੀ ਦੀ ਵੱਧ ਤੋਂ ਵੱਧ ਨਿਰਧਾਰਤ ਸੀਮਾ ਤੋਂ ਵੱਧ ਰਕਮ ਦੇ ਈ ਸਟੈਂਪ ਖਰੀਦਣ ਲਈ ਆਨ-ਲਾਈਨ ਵਿਧੀ ਨਾਲ ਜਾਂ ਚੈਕ ਡਰਾਫਟ ਨਾਲ ਅਦਾਇਗੀ ਕਰਨੀ ਲਾਜ਼ਮੀ ਹੋਵੇਗੀ। ਇਸ ਮੌਕੇ ਤਹਿਸੀਲਦਾਰ ਫਾਜ਼ਿਲਕਾ ਸ: ਦਰਸ਼ਨ ਸਿੰਘ ਵੱਲੋਂ ਜ਼ਿਲ੍ਹੇ ਵਿਚ ਪਹਿਲਾ ਈ ਸਟੈਂਪ ਪੇਪਰ ਸੂਬਾ ਸਿੰਘ ਵਾਸੀ ਪਿੰਡ ਓਡੀਆਂ ਨੂੰ ਸੌਂਪ ਕੇ ਇਸ ਸਕੀਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ ਸ੍ਰੀ ਮਨੀਸ਼ ਠਕਰਾਲ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਫੋਟੋ ਕੈਪਸ਼ਨਃ ਤਹਿਸੀਲਦਾਰ ਫਾਜ਼ਿਲਕਾ ਸਃ ਦਰਸ਼ਨ ਸਿੰਘ ਜ਼ਿਲ੍ਹੇ ਵਿਚ ਪਹਿਲਾ ਈ ਸਟੈਂਪ ਪੇਪਰ ਸੂਬਾ ਸਿੰਘ ਵਾਸੀ ਪਿੰਡ ਓਡੀਆਂ ਨੂੰ ਸੌਂਪ ਕੇ ਇਸ ਸਕੀਮ ਦੀ ਸ਼ੁਰੂਆਤ ਕਰਦੇ ਹੋਏ।